ਆਕਾਸ਼ਵਾਣੀ ਜਲੰਧਰ

ਪ੍ਰਦੇਸ਼ਿਕ ਖਬਰਾਂ ਪੰਜਾਬੀ

13:10 Pm

ਮਿਤੀ: 07-02-2025

ਖੇਤੀਬਾੜੀ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਨੇ ਅੱਜ ਕਿਹਾ ਏ ਕਿ ਪਿਛਲੇ ਸਾਲ ਦੇ ਅੰਤ ਤੱਕ 4 ਹਜ਼ਾਰ 300 ਤੋਂ ਵੱਧ ਖੇਤੀ ਉਤਪਾਦਕ ਸੰਗਠਨਾਂ FPOs ਨੇ ਈ-ਨਾਮ ਪੋਰਟਲ ਨਾਲ ਰਜਿਸਟਰ ਕੀਤਾ ਏ ਅਤੇ ਇਨ੍ਹਾਂ FPOs ਦੇ 4 ਕਰੋੜ 80 ਲੱਖ ਤੋਂ ਵੱਧ ਕਿਸਾਨਾਂ ਨੂੰ 249 ਕਰੋੜ ਰੁਪਏ ਦੀ ਅਦਾਇਗੀ ਹੋਈ ਏ। ਰਾਜ ਸਭਾ ਵਿੱਚ ਪ੍ਰਸ਼ਨ ਕਾਲ ਦੌਰਾਨ ਜ਼ਿਮਨੀ ਸੁਆਲ ਦੇ ਜਵਾਬ ਵਿੱਚ, ਖੇਤੀਬਾੜੀ ਮੰਤਰੀ ਨੇ ਕਿਹਾ ਕਿ ਦੇਸ਼ ਭਰ ਵਿੱਚ ਹੁਣ ਤੱਕ 10 ਹਜ਼ਾਰ ਤੋਂ ਵੱਧ FPOs ਬਣਾਏ ਗਏ ਨੇ. ਮੰਤਰੀ ਨੇ ਕਿਹਾ ਕਿ ਦੇਸ਼ ਭਰ ਦੇ 1400 ਤੋਂ ਵੱਧ ਬਾਜ਼ਾਰ ਈ-ਨਾਮ ਪੋਰਟਲ ਨਾਲ ਜੁੜ ਗਏ ਨੇ. ਉਨ੍ਹਾਂ ਕਿਹਾ ਕਿਸਾਨ ਮੁਕਾਬਲੇਬਾਜ਼ੀ ਵਾਲੀਆਂ ਕੀਮਤਾਂ ਪ੍ਰਾਪਤ ਕਰਨ ਲਈ ਘਰ ਬੈਠੇ ਹੀ ਆਪਣੀ ਉਪਜ ਦੀਆਂ 360 ਡਿਗਰੀ ਫੋਟੋਆਂ ਅਪਲੋਡ ਕਰਕੇ ਈ-ਨਾਮ ਦੇ ਲਾਭ ਦੀ ਵਰਤੋਂ ਕਰ

ਸਕਦੇ ਨੇ ਕਿਉਂਕਿ ਕਿਸਾਨਾਂ ਦੀ ਸਹੂਲਤ ਲਈ ਈ-ਨਾਮ 'ਤੇ ਇੱਕ ਵੱਖਰਾ ਫਾਰਮ ਗੇਟ ਮੋਡਿਊਲ ਸਥਾਪਤ ਕੀਤਾ ਗਿਆ ਏ – BYTE ਮੰਤਰੀ ਨੇ ਅੱਗੇ ਕਿਹਾ ਕਿ 22 ਰਾਜ ਅਤੇ ਕੇਂਦਰ ਸ਼ਾਸਤ ਪ੍ਰਦੇਸ਼ ਅੰਤਰ-ਰਾਜੀ ਵਪਾਰ ਲਈ ਈ-ਨਾਮ ਪੋਰਟਲ ਵਿੱਚ ਸ਼ਾਮਲ ਹੋ ਗਏ ਨੇ ਅਤੇ ਅੰਤਰ-ਰਾਜੀ ਵਪਾਰ ਦੇ ਤਹਿਤ ਕਿਸਾਨਾਂ ਨੂੰ ਲਗਭਗ ਛੇ ਹਜ਼ਾਰ ਕਰੋੜ ਰੁਪਏ ਦੀ ਅਦਾਇਗੀ ਸਿੱਧੇ ਤੌਰ 'ਤੇ ਕੀਤੀ ਗਈ ਏ ।

-------------------------------------------------------------------

ਪੰਜਾਬ ਸਰਕਾਰ ਨੇ 66 ਕੇਵੀ ਬਿਜਲੀ ਸਪਲਾਈ ਲਾਈਨ ਵਿਛਾਉਣ ਕਾਰਨ ਪ੍ਰਭਾਵਤ ਹੋਣ ਵਾਲੇ ਜਮੀਨ ਮਾਲਕਾਂ ਲਈ ਮੁਆਵਜ਼ੇ ਦੀ ਦਰ ਵਿਚ ਵਾਧੇ ਦਾ ਐਲਾਨ ਕੀਤਾ ਏ। ਇਸ ਬਾਰੇ ਪੰਜਾਬ ਦੇ ਬਿਜਲੀ ਮੰਤਰੀ ਹਰਭਜਨ ਸਿੰਘ ਈਟੀਓ ਨੇ ਦਸਿਆ ਏ ਕਿ ਬਿਜਲੀ ਸਪਲਾਈ ਲਾਈਨਾਂ ਦੀ ਸਥਾਪਨਾ ਦੌਰਾਨ ਪ੍ਰਭਾਵਤ ਵਿਅਕਤੀਆਂ ਦੀ ਜ਼ਮੀਨ ਦੀ ਕੀਮਤ ਵਿਚ ਆਈ ਕਮੀ ਦੇ ਮਦੇਨਜ਼ਰ ਮੁਆਵਜ਼ੇ ਦੀ ਦਰ ਦੁੱਗਣੀ ਤੋਂ ਵੱਧ ਕਰ ਦਿੱਤੀ ਗਈ ਏ। ਉਨ੍ਹਾਂ ਕਿਹਾ ਕਿ ਨਵੀਂ ਨੀਤੀ ਤਹਿਤ ਟਾਵਰ ਬੇਸ ਏਰੀਆ ਦਾ ਮੁਆਵਜ਼ਾ ਹੁਣ ਜ਼ਮੀਨ ਦੀ ਕੀਮਤ ਦਾ 200 ਫੀਸਦੀ ਹੋਵੇਗਾ। ਟਾਵਰ ਅਧਾਰ ਖੇਤਰ ਨੂੰ ਟਾਵਰ ਦੀਆਂ ਚਾਰ ਲੱਤਾਂ ਦੁਆਰਾ

ਪਾਇਆ ਘੇਰਾ ਤੇ ਨਾਲ ਹੀ ਹਰ ਪਾਸੇ ਵਾਧੂ ਇਕ-ਇਕ ਮੀਟਰ ਐਕਸਟੈਂਸ਼ਨ ਦੇ ਨਾਲ ਪਰਿਭਾਸ਼ਤ ਕੀਤਾ ਗਿਆ ਏ। ਪਹਿਲਾਂ, ਇਹ ਮੁਆਵਜ਼ਾ ਟਾਵਰ ਦੀਆਂ ਚਾਰ ਲੱਤਾਂ ਨਾਲ ਘਿਰੇ ਹੋਏ ਖੇਤਰ ਦੇ 85 ਫੀਸਦ ਤੱਕ ਸੀਮਤ ਸੀ। ਸੋਧੇ ਹੋਏ ਮੁਆਵਜ਼ੇ ਤੋਂ ਇਲਾਵਾ ਪੰਜਾਬ ਸਰਕਾਰ ਨੇ ਰਾਈਟ-ਆਫ-ਵੇ ਕੋਰੀਡੋਰ ਲਈ ਮੁਆਵਜ਼ੇ ਦੀ ਰਕਮ ਵਿਚ ਵੀ ਵਾਧਾ ਕੀਤਾ ਏ

---------------------------------------------------------------------------------

ਜਿਲਾ ਫਤਿਹਿਗੜ੍ਹ ਸਾਹਿਬ ਦੀ ਪੁਲਿਸ ਤੇ ਸੀਆਈਏ ਸਟਾਫ ਸਰਹੰਦ ਵੱਲੋਂ ਅੰਤਰ-ਰਾਜੀ ਮੈਡੀਕਲ ਨਸ਼ਾ ਸਪਲਾਈ ਕਰਨ ਵਾਲੇ ਗਿਰੋਹ ਦਾ ਪਰਦਾਫਾਸ਼ ਕਰਦਿਆਂ ਛੇ ਮੁਲਜ਼ਮਾਂ ਨੂੰ ਗ੍ਰਿਫਤਾਰ ਕੀਤਾ ਏ, ਜਿਨਾਂ ਪਾਸੋਂ 2 ਲੱਖ 56 ਹਜਾਰ 846 ਨਸ਼ੀਲੀਆਂ ਗੋਲੀਆਂ, 21,364 ਨਸ਼ੀਲੇ ਟੀਕੇ, 738 ਸ਼ੀਸ਼ੀਆਂ ਤੋਂ ਇਲਾਵਾ ਇਕ ਕਾਰ, ਇਕ ਮੋਟਰਸਾਈਕਲ ਤੇ ਸਕੂਟਰ ਵੀ ਬਰਾਮਦ ਕੀਤੇ ਗਏ ਨੇ। ਮੁਲਜ਼ਮਾਂ ਦੀ ਪਛਾਣ ਪਰਵਿੰਦਰ ਸਿੰਘ ਨਿਵਾਸੀ ਮੋਹਾਲੀ, ਸਾਹਿਲ ਤੇ ਪੰਕਜ ਚੌਧਰੀ ਨਿਵਾਸੀ ਯਮੁਨਾਨਗਰ ਹਰਿਆਣਾ ਅਤੇ ਸ਼ਾਹਿਦ ਨਿਵਾਸੀ ਤੇ ਵਸੀਮ ਨਿਵਾਸੀ ਮੇਰਠ ਵਜੋਂ ਹੋਈ ਏ। ਐਸਐਸਪੀ ਫਤਿਹਿਗੜ੍ਹ ਸਾਹਿਬ ਡਾ.

ਰਵਜੋਤ ਗਰੇਵਾਲ ਨੇ ਪ੍ਰੈੱਸ ਕਾਨਫਰੰਸ ਵਿਚ ਦੱਸਿਆ ਕਿ ਸੀਆਈਏ ਸਟਾਫ ਸਰਹੰਦ ਦੀ ਟੀਮ ਨੇ ਪਹਿਲਾਂ ਪਰਵਿੰਦਰ ਸਿੰਘ ਵਾਸੀ ਪਿੰਡ ਚੋਲਟਾ ਖੁਰਦ ਜਿਲਾ ਮੋਹਾਲੀ ਨੂੰ ਕਾਬੂ ਕਰ ਕੇ ਉਸ ਪਾਸੋਂ ਭਾਰੀ ਮਾਤਰਾ ਵਿਚ ਨਸ਼ੀਲੇ ਟੀਕੇ ਸ਼ੀਸ਼ੀਆਂ ਅਤੇ ਨਸ਼ੀਲੀਆਂ ਗੋਲੀਆਂ ਬਰਾਮਦ ਕੀਤੀਆਂ ਤੇ ਫਿਰ ਤਫ਼ਤੀਸ਼ ਦੌਰਾਨ ਸਾਹਮਣੇ ਆਇਆ ਕਿ ਪਰਵਿੰਦਰ ਸਿੰਘ ਖੁਦ ਨਸ਼ਾ ਕਰਦਾ ਤੇ ਵੇਚਦਾ ਹੈ ਜੋ ਯਮੁਨਾਨਗਰ ਹਰਿਆਣਾ ਤੋਂ ਸਾਹਿਲ ਨਾਮ ਦੇ ਵਿਅਕਤੀ ਪਾਸੋਂ ਮੈਡੀਕਲ ਨਸ਼ਾ ਲਿਆ ਕੇ ਫਤਿਹਗੜ੍ਹ ਸਾਹਿਬ ਤੇ ਮੋਹਾਲੀ ਵਿਖੇ ਸਪਲਾਈ ਕਰਦਾ ਸੀ। ਪੁਲਿਸ ਨੇ ਸਹਾਰਨਪੁਰ ਯੂਪੀ ਵਿਖੇ ਛਾਪਾ ਮਾਰ ਕੇ ਪੰਕਜ ਚੌਧਰੀ ਉਰਫ ਵਿਰਾਟ ਅਤੇ ਸ਼ੁਭਮ ਵਾਸੀਆਨ ਸਹਾਰਨਪੁਰ ਯੂਪੀ ਨੂੰ ਗ੍ਰਿਫਤਾਰ ਕੀਤਾ ਏ।

---------------------------------------------------------------------

ਲੁਧਿਆਣਾ ਦੀ ਅਦਾਲਤ ਨੇ ਬਾਲੀਵੁੱਡ ਅਦਾਕਾਰ ਸੋਨੂੰ ਸੂਦ ਖਿਲਾਫ ਗ੍ਰਿਫਤਾਰੀ ਵਾਰੰਟ ਜਾਰੀ ਕੀਤਾ ਏ। 10 ਲੱਖ ਰੁਪਏ ਦੀ ਧੋਖਾਦੇਹੀ ਦੇ ਮਾਮਲੇ ਵਿਚ ਵਾਰ-ਵਾਰ ਸੰਮਨ ਭੇਜਣ ਦੇ ਬਾਵਜੂਦ ਅਦਾਕਾਰ ਲੁਧਿਆਣਾ ਅਦਾਲਤ ‘ਚ ਗਵਾਹੀ ਦੇਣ ਲਈ ਨਹੀਂ ਪੁਜਾ। ਇਸ ਤੋਂ

ਬਾਅਦ ਲੁਧਿਆਣਾ ਦੀ ਜੂਡੀਸ਼ੀਅਲ ਮੈਜਿਸਟਰੇਟ ਰਮਨਪ੍ਰੀਤ ਕੌਰ ਨੇ ਸੋਨੂੰ ਸੂਦ ਖ਼ਿਲਾਫ਼ ਗ੍ਰਿਫ਼ਤਾਰੀ ਵਾਰੰਟ ਜਾਰੀ ਕੀਤਾ, ਜੋ ਕਿ ਗ਼ੈਰ-ਜ਼ਮਾਨਤੀ ਏ। ਦਸਿਆ ਗਿਆ ਏ ਕਿ ਅਦਾਕਾਰ ਸੂਦ ਉਸ ਕੰਪਨੀ ਦਾ ਬ੍ਰਾਂਡ ਅੰਬੈਸਡਰ ਸੀ, ਜਿਸ ਦੇ ਖਿਲਾਫ ਧੋਖਾਦੇਹੀ ਦਾ ਮਾਮਲਾ ਦਰਜ ਕੀਤਾ ਗਿਆ ਏ। ਹਾਲੇ ਤਕ ਇਸ ਮਾਮਲੇ 'ਚ ਅਦਾਕਾਰ ਜਾਂ ਉਨ੍ਹਾਂ ਦੀ ਟੀਮ ਵਲੋਂ ਕੋਈ ਬਿਆਨ ਨਹੀਂ ਆਇਆ।

-------------------------------------------------------------------------------

ਉਤਰਾਖੰਡ ਵਿਖੇ ਹੋ ਰਹੀਆਂ 38ਵੀਆਂ ਰਾਸ਼ਟਰੀ ਖੇਡਾਂ ਵਿਚ ਸਰਵਿਸਿਜ਼ ਦੇ ਨੀਰਜ ਕੁਮਾਰ ਨੇ ਮਰਦਾਂ ਦੇ  ਦੇ 50 ਮੀਟਰ ਰਾਈਫਲ ਥ੍ਰੀ ਪੋਜ਼ੀਸ਼ਨ ਮੁਕਾਬਲੇ ਵਿਚ ਸੋਨ ਤਮਗਾ ਜਿੱਤਿਆ। ਮੱਧ ਪ੍ਰਦੇਸ਼ ਦੇ ਐਸ਼ਵਰਿਆ ਪ੍ਰਤਾਪ ਸਿੰਘ ਤੋਮਰ ਨੇ ਚਾਂਦੀ ਦਾ ਤਮਗਾ ਜਿੱਤਿਆ ਜਦਕਿ ਮਹਾਰਾਸ਼ਟਰ ਦੇ ਸਵਪਨਿਲ ਸੁਰੇਸ਼ ਕੁਸਾਲੇ ਨੇ ਕਾਂਸੀ ਦਾ ਤਮਗਾ ਜਿੱਤਿਆ ਏ।